N.C.R.B/ਐਨ.ਸੀ.ਆਰ.ਬੀ

I.I.F.-I /ਏਕੀਕ੍ਰਿਤ ਤਫਤੀਸ਼ੀ ਫਾਰਮ -I

# FIRST INFORMATION REPORT

(Under Section 154 Cr.P.C.)

(ਅੱਵਲ ਸੂਚਨਾ ਰਿਪੋਰਟ )

(ਧਾਰਾ 154 ਦੰਡ ਪ੍ਰਕਿਰਿਆ ਸਹਿੰਤਾ ਦੇ ਤਹਿਤ )

**1.** District (ਜ਼ਿਲ੍ਹਾ ): KAPURTHALA P.S.(ਥਾਣਾ ): CITY PHAGWARA Year(ਸਾਲ ): 2022

FIR No. (ਐਫ.ਆਈ.ਆਰ ਸੰ): 0163

Date and Time of FIR (ਐਫ.ਆਈ.ਆਰ ਦੀ ਤਰੀਕ ਅਤੇ ਸਮਾਂ ): 04/09/2022 19:00 hrs

Is FIR election related (Yes/No) (ਕੀ ਚੋਣ ਨਾਲ ਸੰਬੰਧਿਤ ਐਫ.ਆਈ.ਆਰ. ਹੈ?) (ਹਾਂ / ਨਹੀਂ)): No

Election Type ( ਚੋਣ ਦੀ ਕਿਸਮ ): NA

2.

| S.No.(ਲੜੀ ਨੰ.) | Acts (ਕਾਨੂੰਨ ) | Sections (ਧਾਰਾਵਾਂ) |
|---|---|---|
| 1 | IPC 1860 | 452 |
| 2 | IPC 1860 | 427 |
| 3 | IPC 1860 | 182 |
| 4 | IPC 1860 | 193 |
| 5 | IPC 1860 | 447 |
| 6 | IPC 1860 | 511 |
| 7 | IPC 1860 | 148 |
| 8 | IPC 1860 | 149 |

ਥਾਣਾ ਸਿਟੀ ਫਗਵਾੜਾ ਜ਼ਿਲ੍ਹਾ ਕਪੂਰਥਲਾ

3. (a) Occurrence of offence (ਅਪਰਾਧ ਦੀ ਘਟਨਾ):

1. Day(ਦਿਨ): Tuesday Date From (ਤਰੀਕ ਤੋਂ): 17/11/2020 Date To (ਤਰੀਕ ਤਕ): 17/11/2020

Time Period (ਸਮਾਂ ਮਿਆਦ): Pahar 4 Time From (ਸਮੇ ਤੋਂ): 12:20 hrs Time To (ਸਮੇ ਤਕ): 12:20 hrs

(b) Information received at P.S.(ਥਾਣੇ ਵਿਚ ਸੂਚਨਾ ਪ੍ਰਾਪਤ ਹੋਣ ਦੀ ਮਿਤੀ ਅਤੇ ਸਮਾਂ): Date (ਮਿਤੀ): 04/09/2022 Time (ਸਮਾਂ): 17:00 hrs

(c) General Diary Reference (ਰੋਜਨਾਮਚਾ ਸੰਦਰਭ) : Entry No. (ਪ੍ਰਵਿਸ਼ਟੀ ਸੰ): 010 Date & Time (ਤਰੀਕ ਅਤੇ ਸਮਾ) : 04/09/2022 17:44 hrs

4. Type of Information (ਜਾਣਕਾਰੀ ਦੀ ਕਿਸਮ): Written

5. Place of Occurrence (ਘਟਨਾ ਸਥਾਨ ):

1. (a) Direction and distance from P.S. (ਥਾਣੇ ਤੋਂ ਦੂਰੀ ਅਤੇ ਦਿਸ਼ਾ): WEST, 2.0 Km(s)

Beat No. (ਬੀਟ ਸੰ.) :

(b) Address (ਪਤਾ): Gali No 03, Prem Nagar Railway Raod,Phagwara

(c) In case, outside the limit of this Police Station, then (ਜੇਕਰ ਥਾਣਾ ਸੀਮਾ ਤੋਂ ਬਾਹਰ ਹੈ ਤਾਂ)

Name of P.S (ਥਾਣੇ ਦਾ ਨਾਮ):

District(State) (ਜ਼ਿਲ੍ਹਾ ( ਰਾਜ ) ):

6. Complainant / Informant (ਸ਼ਿਕਾਇਤਕਰਤਾ /ਸੂਚਨਾਕਰਤਾ):

(a) Name (ਨਾਮ): Ranjit Singh Khurana

(b) Father's Name (ਪਿਤਾ ਦਾ ਨਾਮ) : Dhiyan SIngh Khurana

(c) Date/Year of Birth (ਜਨਮ ਤਰੀਕ/ਸਾਲ): 1974

(d) Nationality(ਰਾਸ਼ਟਰੀਅਤਾ): INDIA

(e) UID No(ਯੂਆਈਡੀ ਨੰ. ):

(f) Passport No. (ਪਾਸਪੋਰਟ ਨੰ.):

Date of Issue (ਜਾਰੀ ਕਰਨ ਦੀ ਮਿਤੀ):

Place of Issue (ਜਾਰੀ ਕਰਨ ਦਾ ਸਥਾਨ ):

(g) Id details (Ration Card,Voter ID Card,Passport,UID No.,

| S.No. (ਲੜੀ ਨੰ:) | Id Type (ਪਛਾਣ ਪੱਤਰ ਦੀ ਕਿਸਮ ) | Id Number (ਪਛਾਣ ਨੰਬਰ) |
|---|---|---|
| 1 | | |

ਥਾਣਾ ਸਿਟੀ ਫਗਵਾੜਾ ਜਿਲ੍ਹਾ ਕਪੂਰਥਲਾ

(h) Address (ਪਤਾ):

| S.No. (ਲੜੀ ਨੰ.) | Address Type (ਪਤੇ ਦੀ ਕਿਸਮ) | Address (ਪਤਾ) |
|---|---|---|
| 1 | Present Address | GALI NO 01 NEHRU NAGAR ,PHAGWARA,CITY PHAGWARA, KAPURTHALA,PUNJAB,INDIA |
| 2 | Permanent Address | GALI NO 01 NEHRU NAGAR ,PHAGWARA,CITY PHAGWARA, KAPURTHALA,PUNJAB,INDIA |

(i) Occupation (ਕਿੱਤਾ ):

(j) Phone number (ਟੈਲੀਫ਼ੋਨ ਨੰ):

Mobile (ਮੋਬਾਇਲ ਨੰ.):

7. Details of known/suspected/unknown accused with full particulars (ਵਾਕਿਫ਼/ਸ਼ੱਕੀ/ਅਗਿਆਤ ਮੁਲਜ਼ਮ ਦਾ ਪੂਰੇ ਵੇਰਵੇ ਸਹਿਤ ਵਰਣਨ ):

Accused More Than(ਇੱਕ ਤੋ ਵੱਧ ਅਪਰਾਧੀ ਦੀ ਗਿਣਤੀ):

| S.No. (ਲੜੀ ਨੰ) | Name (ਨਾਮ ) | Alias (ਉਪਨਾਮ) | Relative's Name (ਰਿਸ਼ਤੇਦਾਰ ਦਾ ਨਾਮ) | Present Address (ਮੌਜੂਦਾ ਪਤਾ) |
|---|---|---|---|---|
| 1 | Punit Miglani | | Father's Name : Suraj Miglani | 1. Gali No 03 Mohala Prem Nagar,Phagwara,CITY PHAGWARA,KAPURTHALA, |

| | | | | |
|---|---|---|---|---|
| | | | | PUNJAB,INDIA |
| 2 | Ishan Miglani | | Father's Name : Punit Miglani | 1. Gali No 03 Mohala Prem Nagar,Phagwara,CITY PHAGWARA,KAPURTHALA, PUNJAB,INDIA |
| 3 | Shiv Kumar | | Father's Name : Mohan Lal | 1. Mohala Gobinpura , Phagwara,SATNAMPURA, KAPURTHALA,PUNJAB, INDIA |
| 4 | 9 Unknown | | | 1. Phagwara,CITY PHAGWARA,KAPURTHALA, PUNJAB,INDIA |

8. Reasons for delay in reporting by the complainant/informant (ਸ਼ਿਕਾਇਤਕਰਤਾ/ਸੂਚਨਾਕਰਤਾ ਰਾਹੀਂ ਰਿਪੋਰਟ ਦੇਰੀ ਨਾਲ ਦਰਜ ਕਰਾਉਣ ਦਾ ਕਾਰਨ):

9. Particulars of properties of interest (ਸਬੰਧਿਤ ਜਾਇਦਾਦ ਦਾ ਵੇਰਵਾ):

| S.No. (ਲੜੀ ਨੰ:) | Property Category (ਜਾਇਦਾਦ ਦੀ ਸ਼੍ਰੇਣੀ ) | Property Type (ਜਾਇਦਾਦ ਦੀ ਕਿਸਮ ) | Description (ਵੇਰਵਾ) | Value(In Rs/-) (ਰਕਮ (ਰੁ ਚ)) |
|---|---|---|---|---|

10. Total value of property stolen(In Rs/-) (ਚੋਰੀ ਹੋਈ ਜਾਇਦਾਦ ਦਾ ਕੁੱਲ ਮੁੱਲ( ਰੁ ਵਿੱਚ ) ):

11 Inquest Report / U.D. case No., if any (ਤਫਤੀਸ਼ੀ ਰਿਪੋਰਟ / ਯੂ.ਡੀ.ਪ੍ਰਕਰਣ ਸੰ. , ਜੇਕਰ ਕੋਈ ਹੋਵੇ):

| S.No. (ਲੜੀ ਨੰ.) | UIDB Number (ਯੂ.ਡੀ.ਪ੍ਰਕਰਣ ਸੰ.) |
|---|---|

12 First Information contents (ਵੇਰਵਾ):

ਸੇਵਾ ਵਿਖੇ, ਐਸ. ਐਸ. ਪੀ ਸਾਹਿਬ, ਕਪੂਰਥਲਾ । ਦਰਖਾਸਤ ਬਰਖਲਾਫ :- ਪੁਨੀਤ ਮਿਗਲਾਨੀ, ਰਜਤ ਮਿਗਲਾਨੀ, ਇਸ਼ਾਨ ਮਿਗਲਾਨੀ ਤੇ ਅਣਪਛਾਤੇ 10-12 ਬੰਦਿਆਂ ਵਲੋਂ ਮੇਰੀ ਬਿਲਡਿੰਗ ਤੇ ਕਬਜਾ ਕਰਨ ਦੀ ਕੋਸ਼ਿਸ਼, ਧੱਕੇ ਨਾਲ ਤਾਲੇ ਤੋੜਨ, ਧੱਕੇ ਮਾਰਨ, ਲੁੱਟ ਖੋਹ ਕਰਨ , ਝੂਠੀ M.L.R. ਬਣਾਉਣ ਅਤੇ ਜਾਨ ਤੋਂ ਮਾਰਨ ਦੀਆਂ ਧਮਕੀਆਂ ਦੇਣ ਬਾਰੇ । ਸ਼੍ਰੀਮਾਨ ਜੀ , ਬੇਨਤੀ ਹੈ ਕਿ ਮੈਂ ਰਣਜੀਤ ਸਿੰਘ ਖੁਰਾਣਾ ਸਪੁੱਤਰ ਸ. ਧਿਆਨ ਸਿੰਘ ਖੁਰਾਣਾ ਵਾਸੀ ਗਲੀ ਨੰ -1, ਨਹਿਰੂ ਨਗਰ, ਰੇਲਵੇ ਰੋਡ, ਫਗਵਾੜਾ ਦਾ ਹਾਂ ਜੋ ਕਿ ਮੈਂ ਇਕ ਬਿਲਡਿੰਗ (37 ਮਰਲੇ) ਆਪਣੇ ਅਤੇ ਆਪਣੀ ਪਤਨੀ ਰਵਿੰਦਰ ਕੋਰ ਦੇ ਨਾਮ ਤੇ ਗਲੀ ਨੰ 3, ਮੁਹੱਲਾ ਪ੍ਰੇਮ ਨਗਰ, ਰੇਲਵੇ ਰੋਡ, ਫਗਵਾੜਾ ਵਿਖੇ ਪ੍ਰਾਪਰਟੀ ਯੂਨਿਟ ਨੰ BXL/176 ਜਿਸ ਦਾ ਕਿ UID No. PH-57-A 0145 ਅਤੇ ਵਸੀਕਾ ਨੰ 2019-20/32/1/4384 ਹੈ ਇਹ ਪ੍ਰਾਪਰਟੀ ਮੈਂ ਸ੍ਰੀ ਮਨੀਸ਼ ਮਿਗਲਾਨੀ ਸਪੁਤੱਰ ਸ੍ਰੀ ਸੋਮਨਾਥ ਮਿਗਲਾਨੀ ਵਾਸੀ H. No. 15, ਗ੍ਰੇਟਰ

ਕੈਲਾਸ਼, ਫਗਵਾੜਾ ਪਾਸੋਂ 16 ਮਾਰਚ 2020 ਇਕ ਰਜਿਸਟਰਡ ਡੀਡ ਰਾਹੀ ਖਰੀਦ ਕੀਤੀ ਹੋਈ ਹੈ । ਮਿਤੀ 16 ਮਾਰਚ 2020 ਤੋਂ ਮੈਂ ਇਸ ਪ੍ਰਾਪਰਟੀ ਦਾ ਕਾਨੂੰਨਨ ਮਾਲਕ ਹਾਂ, ਇਸ ਪ੍ਰਾਪਰਟੀ ਵਿਚ ਲੱਗੇ ਹੋਏ ਦੋ ਬਿਜਲੀ ਦੇ ਮੀਟਰ, ਵਾਟਰ ਸਪਲਾਈ, ਸੀਵਰੇਜ ਕੁਨੈਕਸ਼ਨ, ਪ੍ਰਾਪਰਟੀ ਯੂਨਿਟ ਨੰ ਅਤੇ ਯੂ.ਆਈ.ਡੀ. ਨੰ . ਮੇਰੇ ਰਣਜੀਤ ਸਿੰਘ ਖੁਰਾਣਾ ਦੇ ਨਾਮ ਤੇ ਟ੍ਰਾਂਸਫਰ ਹੋ ਚੁੱਕੇ ਹਨ, ਇਸ ਤੋਂ ਇਲਾਵਾ ਮਾਲ ਮਹਿਕਮਾ ਪਾਸ ਵੀ ਮੇਰੀ ਇਸ ਪ੍ਰਾਪਰਟੀ ਦਾ ਇੰਤਕਾਲ ਮੇਰੇ ਨਾਮ ਤੇ ਹੋ ਚੁੱਕਾ ਹੈ । ਇਸ ਪ੍ਰਾਪਰਟੀ ਵਿੱਚ ਬੇਸਮੈਂਟ, ਗਰਾਊਂਡ ਫਲੋਰ ਤੇ ਹਾਲ, Office, ਕਮਰੇ, ਫਸਟ ਫਲੋਰ ਤੇ ਕਮਰੇ ਅਤੇ 2 ਫਲੋਰ ਤੇ ਵੀ ਕਮਰੇ ਬਣੇ ਹੋਏ ਹਨ, ਜਿਨ੍ਹਾਂ ਵਿਚੋਂ ਫਸਟ ਫਲੋਰ ਦਾ ਪੋਰਸ਼ਨ ਛੱਡ ਸਾਰਾ ਕਬਜਾ ਮਨੀਸ਼ ਮਿਗਲਾਨੀ ਵਲੋਂ ਮੈਨੂੰ ਰਜਿਸਟਰੀ ਵਕਤ ਖਾਲੀ ਹਾਲਤ ਵਿੱਚ ਦਿਤਾ ਗਿਆ ਸੀ ਜੋ ਕਿ ਰਜਿਸਟਰੀ ਵਿਚ ਵੀ ਦਰਜ ਹੈ ਅਤੇ ਇਸ ਬਿਲਡਿੰਗ ਦੇ ਗਰਾਊਂਡ ਫਲੋਰ, ਬੇਸਮੈਂਟ, ਸੈਕੰਡ ਫਲੋਰ ਦੇ ਕਮਰਿਆਂ ਦੇ ਤਾਲੇ ਵੀ ਮੇਰੇ ਰਜਿਸਟਰੀ ਵਕਤ ਤੋਂ ਲਗੇ ਹੋਏ ਹਨ ਅਤੇ ਇਨਾਂ ਕਮਰੇਆਂ ਵਿਚ ਮੇਰਾ ਸਾਮਾਨ ਪਿਆ ਹੋਇਆ ਹੈ ਅਤੇ ਗਰਾਊਂਡ ਫਲੋਰ ਤੇ ਮੇਰੇ ਵਰਕਰ ਵੀ ਰਹਿੰਦੇ ਹਨ । ਮੇਰੀ ਇਸ ਬਿਲਡਿੰਗ ਵਿੱਚ ਸ੍ਰੀਮਤੀ ਸਨੇਹ ਲਤਾ ਮਿਗਲਾਨੀ ਆਪਣੇ ਪਤੀ ਸੂਰਜ ਪ੍ਰਕਾਸ ਮਿਗਲਾਨੀ ਅਤੇ ਆਪਣੇ ਪਰਿਵਾਰ ਸਮੇਤ ਪਹਿਲੀ ਮੰਜਿਲ ਤੇ ਰਹਿ ਰਹੀ ਹੈ ਜਿਨ੍ਹਾਂ ਨੇ ਆਪਣਾ ਇਸ ਬਿਲਡਿੰਗ ਦਾ 1/3 ਹਿੱਸਾ ਸ੍ਰੀ ਮਨੀਸ਼ ਮਿਗਲਾਨੀ ਪਾਸ ਆਪਣੀ 10 Jan 2007 ਦੀ ਘਰੇਲੂ ਵੰਡ ਮੁਤਾਬਿਕ 12 ਲੱਖ ਰੁਪਏ ਵਿੱਚ ਵੇਚ ਕੇ ਪਾਵਰ ਆਫ ਅਟਾਰਨੀ ਸਿੰਮੀ ਮਿਗਲਾਨੀ ਪਤਨੀ ਮਨੀਸ਼ ਮਿਗਲਾਨੀ ਪਾਸ ਦਿਤੀ ਸੀ ਅਤੇ ਨਾਲ ਹੀ ਪੰਜਾਬੀ ਅਤੇ ਇੰਗਲਿਸ਼ ਵਿਚ ਇਸ ਫਸਟ ਫਲੋਰ ਪੋਰਸ਼ਨ ਨੂੰ 08/01/2011 ਤੱਕ ਖਾਲੀ ਕਰਨ ਦੇ Affidavit ਵੀ ਦਿੱਤੇ ਸਨ ਅਤੇ ਘਰੇਲੂ ਵੰਡ ਵਿਚ ਲਿਖ ਕੇ ਖਾਲੀ ਕਰਨ ਦਾ ਇਕਰਾਰ ਕੀਤਾ ਸੀ ਤੇ ਨਾਲ ਹੀ ਇਹ ਇਕਰਾਰ ਕੀਤਾ ਸੀ ਕੇ ਉਹ ਆਪਣੇ ਪਰਿਵਾਰ ਸਮੇਤ ਇਸ ਪ੍ਰਾਪਰਟੀ ਨੂੰ 08/01/2011 ਤੱਕ ਖਾਲੀ ਕਰ ਦਵੇਗੀ ਅਤੇ ਨਾ ਖਾਲੀ ਕਰਨ ਦੀ ਸੂਰਤ ਵਿਚ ਉਕੱਤ ਮਨੀਸ਼ ਮਿਗਲਾਨੀ ਨੂੰ ਹਰ ਮਹੀਨੇ 75,000 ਰੁਪਏ ਕਿਰਾਇਆ ਦੇਵੇਗੀ ਲੇਕਿਨ ਸਨੇਹ ਲਤਾ ਮਿਗਲਾਨੀ ਨੇ 16 ਮਾਰਚ 2020 ਤਕ ਉਕੱਤ ਮਨੀਸ਼ ਮਿਗਲਾਨੀ ਨੂੰ ਉਸ ਘਰੇਲੂ ਵੰਡ ਦੇ "ਐਗ੍ਰੀਮੈਂਟ" ਮੁਤਾਬਿਕ ਕਿਰਾਇਆ ਅਦਾ ਨਹੀਂ ਕੀਤਾ ਜੋ ਕਿ ਮਨੀਸ਼ ਮਿਗਲਾਨੀ ਨੇ ਇਨ੍ਹਾਂ ਤੋਂ ਕਿਰਾਏ ਦੀ ਬਾਰ ਬਾਰ ਮੰਗ ਵੀ ਕੀਤੀ । ਸਨੇਹ ਲਤਾ ਮਿਗਲਾਨੀ ਵਲੋਂ 11/09/2007 ਨੂੰ ਇਕ Affidavit ਮਨੀਸ਼ ਮਿਗਲਾਨੀ ਨੂੰ ਦਿੱਤਾ ਸੀ ਉਸ ਵਿਚ ਇਹ ਸਾਫ ਲਿਖਿਆ ਹੋਇਆ ਹੈ ਕਿ ਮੇਰੇ ਸਨੇਹ ਲਤਾ ਮਿਗਲਾਨੀ ਕੋਲ ਸਿਰਫ ਫਸਟ ਫਲੋਰ ਹੈ ਤੇ ਬਾਕੀ ਸਾਰੀ ਜਗਾ ਦਾ ਮਾਲਕ ਤੇ ਕਾਬਜ ਮਨੀਸ਼ ਮਿਗਲਾਨੀ ਹੈ ਜੋ ਕਿ ਇਸ ਜਗਾ ਨੂੰ ਜਿਸ ਤਰਾਂ ਵਰਤੇ, ਤਾਮੀਰ ਕਰੇ, ਬਣਾਵੇ ਜਿਸ ਵਿਚ ਸਨੇਹ ਲਤਾ ਮਿਗਲਾਨੀ ਅਤੇ ਉਸਦੇ ਪਰਿਵਾਰ ਦਾ ਕੋਈ ਹੱਕ ਨਹੀਂ ਹੈ । ਮੈਂ ਇਹ ਬਿਲਡਿੰਗ ਖਰੀਦਣ ਤੋਂ ਬਾਅਦ 27/05/2020 ਨੂੰ ਆਪਣੇ ਵਕੀਲ ਸ੍ਰੀ ਮਨੀਸ਼ ਜਰੀਨ ਰਾਹੀਂ ਨੋਟਿਸ ਭੇਜ ਕੇ ਸਨੇਹ ਲਤਾ ਮਿਗਲਾਨੀ ਅਤੇ ਉਸਦੇ ਪਰਿਵਾਰਿਕ ਮੈਂਬਰਾਂ ਦੇ ਪਾਸੋਂ ਕਿਰਾਏ ਦੀ ਮੰਗ ਕੀਤੀ ਅਤੇ ਕਰਾਇਆ ਨਾ ਦੇਣ ਦੀ ਸੂਰਤ ਵਿਚ ਖਾਲੀ ਕਰਨ ਬਾਰੇ ਕਿਹਾ ਪਰ ਨਾਂ ਤਾਂ ਉਸਨੇ ਕਿਰਾਇਆ ਦਿੱਤਾ ਨਾ ਹੀ ਫਸਟ ਫਲੋਰ ਖਾਲੀ ਕੀਤਾ ਸਗੋਂ ਉਲਟਾ ਮੇਰੇ ਖਿਲਾਫ ਪੁਲਿਸ ਮਹਿਕਮੇ ਵਿਚ ਝੂਠੀਆਂ ਦਰਖਾਸਤਾਂ ਦੇਣ ਲਗ ਪਏ ਜਦ ਕਿ ਇਹ ਫਸਟ ਫਲੋਰ ਤੇ ਰਹਿ ਰਹੇ ਹਨ ਜਿਸ ਦੀਆਂ ਪੌੜੀਆਂ ਸੈਕਿੰਡ ਫਲੋਰ , ਗਰਾਉਂਡ ਫਲੋਰ , ਅਤੇ ਬੇਸਮੈਂਟ ਤੋਂ common ਹੀ ਜਾਂਦੀਆਂ ਹਨ ਜਿਸਦਾ ਕਿ ਬਾਹਰੋਂ ਗਲੀ ਤੋਂ ਸਿੱਧਾ ਗੇਟ ਖੁਲਦਾ ਹੈ । ਇਹ ਵੀ ਦੱਸਣ ਯੋਗ ਹੈ ਕਿ ਮੈਂ ਫਗਵਾੜਾ ਵਿਖੇ ਮਾਨਯੋਗ ਮੈਜਿਸਟਰੇਟ ਸ . ਸੁਖਵਿੰਦਰ ਸਿੰਘ ਜੀ ਦੀ ਅਦਾਲਤ ਵਿਚ ਸਨੇਹ ਲਤਾ ਮਿਗਲਾਨੀ , ਸੂਰਜ ਪ੍ਰਕਾਸ਼ ਮਿਗਲਾਨੀ , ਪੁਨੀਤ ਮਿਗਲਾਨੀ ਅਤੇ ਰਜਤ ਮਿਗਲਾਨੀ ਉਪਰ 75,000 ਰੁਪਏ ਮਹੀਨਾ ਕਿਰਾਇਆ ਲੈਣ ਦਾ ਅਤੇ ਬਿਲਡਿੰਗ ਖਾਲੀ ਕਰਾਉਣ ਦਾ ਕੇਸ

ਥਾਣਾ ਸਿਟੀ ਫਗਵਾੜਾ ਜਿਲਾ ਕਪੂਰਥਲਾ

ਕੀਤਾ ਹੋਇਆ ਹੈ ਜਿਸ ਦੀ ਕਿ ਅਗਲੀ ਤਾਰੀਖ 17.08.2021 ਹੈ । ਸ਼੍ਰੀਮਤੀ ਸਨੇਹ ਲਤਾ ਮਿਗਲਾਨੀ ਵਲੋਂ ਮੇਰੀ ਬਿਲਡਿੰਗ ਵਿਚ ਗਰਾਂਉਡ ਫਲੋਰ ਅਤੇ ਸੈਕੰਡ ਫਲੋਰ ਦੀ ਸਟੇਅ ਲੈਣ ਦੀ ਕੋਸ਼ਿਸ਼ ਕੀਤੀ ਗਈ ਪਰ ਮਾਨਯੋਗ ਮੈਜਿਸਟਰੇਟ ਸ਼੍ਰੀਮਤੀ ਰੇਨੂਕਾ ਰਾਨੀ ਜੀ ਦੀ ਅਦਾਲਤ ਵਲੋਂ ਇਸ ਨੂੰ ਗਰਾਉਂਡ ਫਲੋਰ ਅਤੇ ਸੈਕੰਡ ਫਲੋਰ ਦਾ ਸਟੇਅ ਨਹੀਂ ਦਿੱਤਾ ਗਿਆ । ਮਿਤੀ 17.11.2020 ਨੂੰ ਪੁਨੀਤ ਮਿਗਲਾਨੀ , ਰਜਤ ਮਿਗਲਾਨੀ , ਇਸ਼ਾਨ ਮਿਗਲਾਨੀ 12 ਵਜ ਕੇ 20 ਮਿੰਟ ਤੇ 10-12 ਬੰਦੇ ਹਥਿਆਰਾਂ ਨਾਲ ਲਿਆ ਕੇ ਲੁੱਟ ਖੋਹ ਅਤੇ ਕਬਜਾ ਕਰਨ ਦੀ ਨੀਅਤ ਨਾਲ ਮੇਰੀ ਪ੍ਰਾਪਰਟੀ ਦੇ ਤਾਲੇ ਤੋੜਨ ਲਗ ਪਏ , ਉਸੇ ਵਕਤ ਮੈਨੂੰ ਮੇਰੇ ਸਿਕਿਉਰਿਟੀ ਵਾਲੇ ਨੇ ਦਸਿਆ ਤੇ ਮੈਂ ਮੋਕੇ ਤੇ ਆ ਗਿਆ ਤਾਂ ਇਹ ਤੇ ਇਹਦੇ ਨਾਲ ਦੇ ਬੰਦੇ ਮੈਨੂੰ ਗਾਲਾਂ ਕਢੱਣ ਲਗ ਪਏ ਤੇ ਮੈਨੂੰ ਮਾਰਨ ਨੂੰ ਪਏ ਅਤੇ ਬੋਲੇ ਕਿ ਤੇਰੀ ਪੱਗ ਲਾਹ ਦਿਆਂਗੇ , ਮੈ ਇਨਾਂ ਨੂੰ ਪੁਛਿਆ ਕੇ ਤੁਸੀਂ ਮੇਰੀ ਪ੍ਰਾਪਰਟੀ ਦੇ ਤਾਲੇ ਕਿਉਂ ਤੋੜ ਰਹੇ ਹੋ ਤਾਂ ਮੈਨੂੰ ਕਹਿਣ ਲਗੇ ਕਿ ਅਦਾਲਤ ਨੇ ਮੈਨੂੰ ਤਾਲੇ ਤੋੜਨ ਦਾ ਅਤੇ ਕਬਜ਼ਾ ਕਰਨ ਦਾ ਸਟੇਅ ਦਿਤਾ ਹੈ , ਮੈਂ ਵਿਰੋਧ ਕੀਤਾ ਤਾਂ ਮੈਨੂੰ ਧੱਕੇ ਮਾਰੇ ਅਤੇ ਧਮਕੀਆਂ ਦਿਤੀਆਂ ਕਿ ਮੈਂ ਤੈਨੂੰ ਤੇ ਤੇਰੇ ਪਰਿਵਾਰ ਨੂੰ ਮਾਰ ਦੇਣਾ ਹੈ । ਮੈਂ ਆਪਣੀ ਇਸ ਪ੍ਰਾਪਰਟੀ ਦੀ ਸੇਫਟੀ ਵਾਸਤੇ ਇਸ ਪ੍ਰਾਪਰਟੀ ਵਿਚ ਸੀ.ਸੀ.ਟੀਵੀ ਕੈਮਰੇ ਹਰ ਪਾਸੇ ਲਗਾਏ ਹੋਏ ਹਨ ਜਿਨਾਂ ਵਿਚ ਹਰ ਵੇਲੇ ਮੈ ਰਿਕਾਰਡਿੰਗ ਹੋ ਰਹੀ ਹੈ ਤੇ ਅਜ ਮੇਰੀ ਪ੍ਰਾਪਰਟੀ ਵਿਚ ਇਨਾਂ ਨੇ ਜੋ ਤਾਲੇ ਤੋੜ ਕੇ ਲੁੱਟ ਖੋਹ ਤੇ ਕਬਜਾ ਕਰਨ ਦੀ ਕੋਸ਼ਿਸ਼ ਕੀਤੀ ਹੈ ਉਸ ਦੀ ਸਾਰੀ ਰਿਕਾਰਡਿੰਗ ਸੀ.ਸੀ.ਟੀਵੀ ਕੈਮਰੇ ਵਿਚ ਰਿਕਾਰਡ ਹੋਈ ਹੈ । ਮੈਂ ਆਪਜੀ ਨੂੰ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਇਨਾਂ ਉਪਰ ਲੜਾਈ ਝਗੜਿਆਂ ਦੇ ਅਤੇ ਐਸ.ਸੀ ਐਕਟ ਦੇ ਪਹਿਲਾਂ ਵੀ ਕਾਫੀ ਕੇਸ ਪੁਲਿਸ ਸਟੇਸ਼ਨਾਂ ਵਿਚ ਅਤੇ ਅਦਾਲਤਾਂ ਵਿੱਚ ਚਲ ਰਹੇ ਹਨ ਤੇ ਮੈਨੂੰ ਹੁਣ ਸ਼ੱਕ ਹੈ ਕਿ ਇਹ ਮੇਰੀ ਪ੍ਰਾਪਰਟੀ ਤੋਂ ਦੁਬਾਰਾ ਕਬਜਾ ਕਰਨ ਦੀ ਅਤੇ ਤਾਲੇ ਤੋੜਨ ਦੀ ਕੋਸ਼ਿਸ਼ ਕਰ ਸਕਦੇ ਹਨ । ਮੈਂ ਆਪਜੀ ਨੂੰ ਇਹ ਵੀ ਦਸਣਾ ਚਾਹੁੰਦਾ ਹਾਂ ਕਿ ਪੁਨੀਤ ਮਿਗਲਾਨੀ ਨੇ ਆਪਣੇ ਆਪ ਨੂੰ ਸੱਟਾਂ ਮਾਰ ਕੇ ਸਿਵਲ ਹਸਪਤਾਲ ਫਗਵਾੜਾ ਤੋਂ ਝੂਠੀ MLR . ਬਣਾਈ ਹੈ ਜਿਸ ਦੀ ਕਿ ਜਾਂਚ ਕੀਤੀ ਜਾਵੇ , ਮੈਂ ਇਸ ਸੰਬਧੀ ਪਹਿਲਾਂ ਵੀ 17.11.2020 ਨੂੰ ਡਾਇਰੀ ਨੂੰ 405 ਲੋਕਲ ਐਸ.ਐਚ.ਓ. ਸਿਟੀ ਫਗਵਾੜਾ ਅਤੇ ਮਿੱਤੀ 02.12.2020 ਨੂੰ ਡਾਇਰੀ ਨੰ 1642 - ਐਸ.ਪੀ.ਸੀ . ਮਾਨਯੋਗ ਐਸ.ਐਸ.ਪੀ. ਕਪੂਰਥਲਾ ਨੂੰ ਪਹਿਲਾਂ ਵੀ ਦਰਖਾਸਤ ਦਿੱਤੀ ਹੋਈ ਹੈ । ਇਸ ਲਈ ਆਪਜੀ ਨੂੰ ਬੇਨਤੀ ਕਰਦਾ ਹਾਂ ਕੇ ਪੁਨੀਤ ਮਿਗਲਾਨੀ , ਰਜਤ ਮਿਗਲਾਨੀ , ਇਸ਼ਾਨ ਮਿਗਲਾਨੀ ਤੇ ਅਣਪਛਾਤੇ 10-12 ਬੰਦਿਆਂ ਵਲੋ ਮੇਰੀ ਬਿਲਡਿੰਗ ਤੇ ਕਬਜਾ ਕਰਨ ਦੀ ਕੋਸ਼ਿਸ਼ , ਧੱਕੇ ਨਾਲ ਤਾਲੇ ਤੋੜਨ , ਧੱਕੇ ਮਾਰਨ , ਲੁੱਟ ਖੋਹ ਕਰਨ ਅਤੇ ਜਾਨ ਤੋਂ ਮਾਰਨ ਦੀਆਂ ਧਮਕੀਆਂ ਦੇਣ ਤੇ ਮਾਨਯੋਗ ਅਦਾਲਤ ਦੇ ਹੁਕਮਾਂ ਦੀ ਉਲੰਘਣਾ ਕਰਨ ਤੇ ਝੂਠੀ M.L.R. ਬਣਾਉਣ ਤੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ ਅਤੇ ਪਰਚਾ ਦਰਜ ਕੀਤਾ ਜਾਵੇ ਅਤੇ ਮੈਨੂੰ ਇੰਨਸਾਫ ਦਿਵਾਇਆ ਜਾਵੇ । ਆਪਜੀ ਦਾ ਧੰਨਵਾਦੀ, Sd/- Ranjit Singh Khurana ਰਣਜੀਤ ਸਿੰਘ ਖੁਰਾਨਾ ( ਮੋਬਾਇਲ ਨੰਬਰ 9814062380) ਨੱਥੀ : (1) ਤਾਲੇ ਤੋੜਦੇ ਅਤੇ ਕਬਜਾ ਕਰਨ ਦੀ ਕੋਸ਼ਿਸ਼ ਕਰਦੇ ਹੋਏ ਦੀ ਵੀਡਿਓ ਰਿਕਾਰਡਿੰਗ ਦੀ ਸੀ.ਡੀ., (2) ਰਜਿਸਟਰੀ ਦੀ ਕਾਪੀ, (3) ਪਹਿਲਾ ਦਿੱਤੀਆ ਹੋਈਆ ਦਰਖਾਸਤਾ ਦੀਆ ਕਾਪੀਆ , (4) ਸਟੇਅ ਦੀਆ ਕਾਪੀਆ ਜੋ ਉਕਤ ਦਰਖਾਸਤ ਮਾਨਯੋਗ SSP ਸਾਹਿਬ ਕਪੂਰਥਲਾ ਜੀ ਦੇ ਦਿੱਤੀ । ਜਿਸ ਵਿੱਚ ਮਾਨਯੋਗ SSP ਸਾਹਿਬ ਕਪੂਰਥਲਾ ਜੀ ਨੇ ਸਿੱਟ ਦਾ ਗੰਠਨ ਕਰਕੇ ਆਪਣੇ ਦਫਤਰ ਦੇ ਪੱਤਰ ਨੰਬਰ 2733-38-P ਮਿਤੀ 28.07.2021 ਦੇ ਨਾਲ ਪੁਲਿਸ ਕਪਤਾਨ ਸਥਾਨਿਕ ਕਪੂਰਥਲਾ , ਉਪ ਪੁਲਿਸ ਕਪਤਾਨ, ਸਬ ਡਵੀਜਨ ਸੁਲਤਾਨਪੁਰ ਲੋਧੀ ਅਤੇ ਮੁੱਖ ਅਫਸਰ ਥਾਣਾ ਸਿਟੀ ਫਗਵਾੜਾ ਨੂੰ ਸਿੱਟ ਟੀਮ ਦੇ ਮੈਂਬਰ ਨਿਯੁਕਤ ਕੀਤਾ । ਜਿਸ ਤੋ ਬਾਅਦ ਸਿੱਟ ਟੀਮ ਨੇ ਬਾਅਦ ਇੰਨਕੁਆਰੀ ਆਪਣੀ ਸਿੱਟਾ ਰਿਪੋਰਟ ਵਿੱਚ ਲਿਖਿਆ ਕਿ ਸਪੈਸ਼ਲ

ਥਾਣਾ ਸਿਟੀ ਫਗਵਾੜਾ ਜਿਲਾ ਕਪੂਰਥਲਾ

ਪੜਤਾਲੀਆ ਟੀਮ ਵਲੋਂ ਹੁਣ ਤੱਕ ਦੀ ਕੀਤੀ ਗਈ ਦਰਿਆਫਤ ਤੋਂ ਪਾਇਆ ਗਿਆ ਹੈ , ਕਿ ਰਣਜੀਤ ਸਿੰਘ ਖੁਰਾਣਾ ਵੱਲੋਂ ਇਕ ਪ੍ਰਾਪਰਟੀ ਬਿਲਡਿੰਗ 37 ਮਰਲੇ ਅਪਣੇ ਅਤੇ ਆਪਣੀ ਪਤਨੀ ਰਵਿੰਦਰ ਕੋਰ ਦੇ ਨਾਂ ਤੇਂ , ਗਲੀ ਨੰ 03 , ਮੁਹੱਲਾ ਪ੍ਰੇਮ ਨਗਰ , ਰੇਲਵੇ ਰੋਡ , ਫਗਵਾੜਾ ਵਿਖੇ , ਪ੍ਰਾਪਰਟੀ ਯੂਨਿਟ ਨੇ BXL/176 ਜਿਸ ਦਾ UID No. PH-57 A-0145 ਅਤੇ ਵਸੀਕਾ ਨੂੰ 2019-20/32/1/4384 ਵੱਲੋਂ ਸ੍ਰੀ ਮਨੀਸ਼ ਮਿਗਲਾਨੀ ਸਪੁੱਤਰ ਸ੍ਰੀ ਸੋਮਨਾਥ ਮਿਗਲਾਨੀ ਵਾਸੀ H. No. 15, ਗ੍ਰੇਟਰ ਕੈਲਾਸ਼, ਫਗਵਾੜਾ, ਪਾਸੋਂ 16 ਮਾਰਚ 2020 ਨੂੰ ਇਕ ਰਜਿਸਟਰਡ ਡੀਡ ਰਾਹੀਂ ਖਰੀਦੀ ਸੀ।ਇਸ ਪ੍ਰਾਪਰਟੀ ਵਿਚ ਲੱਗ ਹੋਏ ਦੋ ਬਿਜਲੀ ਦੇ ਮੀਟਰ ਨੂੰ 2229629, 1143924, ਵਾਟਰ ਸਪਲਾਈ, ਸੀਵਰੇਜ ਕੁਨੈਕਸ਼ਨ ਨੂੰ MCP - 1009515 ( 166 ) ਲੱਗੇ ਹੋਏ ਹਨ।ਜੋ ਰਣਜੀਤ ਸਿੰਘ ਖੁਰਾਣਾ ਦੇ ਨਾਮ ਪਰ ਮਨੀਸ਼ ਮਿਗਲਾਨੀ ਅਤੇ ਇਸਦੀ ਮਾਤਾ ਸ੍ਰੀਮਤੀ ਸੰਤੋਸ਼ ਕੁਮਾਰੀ ਮਿਗਲਾਨੀ ਵਲੋਂ ਟ੍ਰਾਂਸਫਰ ਹੋ ਚੁੱਕੇ ਹਨ।ਇਸ ਜਗ੍ਹਾ ਦਾ ਇੰਤਕਾਲ ਰਣਜੀਤ ਸਿੰਘ ਖੁਰਾਣਾ ਅਤੇ ਇਸ ਦੀ ਪਤਨੀ ਰਵਿੰਦਰ ਕੋਰ ਦੇ ਨਾਮ ਹੋ ਚੁੱਕਾ ਹੈ।ਇਸ ਪ੍ਰਾਪਰਟੀ ਵਿਚ ਬੇਸਮੈਂਟ, ਗਰਾਂਉਂਡ ਫਲੋਰ ਤੇ ਹਾਲ, Office □ਕਮਰੇ, ਫਸਟ ਫਲੋਰ ਤੇ ਕਮਰੇ, ਅਤੇ 201 ਫਲਰ ਤੋਂ ਵੀ ਕਮਰੇ ਬਣੇ ਹੋਏ ਹਨ।ਜਿਨਾਂ ਵਿਚੋਂ ਫਸਟ ਫਲੋਰ ਦਾ ਪਰਸ਼ਨ ਛੱਡ ਕੇ ਬਾਕੀ ਸਾਰਾ ਕਬਜਾ ਮਨੀਸ਼ ਮਿਗਲਾਨੀ ਵਲੋਂ ਰਜਿਸਟਰੀ ਕਰਨ ਵਕਤ ਰਣਜੀਤ ਸਿੰਘ ਖੁਰਾਣਾ ਨੂੰ ਮਿਤੀ 16.03.2020 ਨੂੰ ਦਿੱਤਾ ਗਿਆ ਸੀ।ਰਣਜੀਤ ਖੁਰਾਣਾ ਵੱਲੋਂ ਗਰਾਂਊਡ ਫਲੋਰ ਤੇ ਕੁੱਝ ਏਰੀਆ ਕਿਰਾਏ ਤੇ ਦਿੱਤਾ ਹੋਇਆ ਹੈ। ਗਰਾਂਉਂਡ ਫਲੋਰ ਦੇ ਕੁੱਝ ਏਰੀਏ ਵਿਚ ਉਸ ਦੇ ਹੋਟਲ ਦਾ ਸਟਾਫ ਰਹਿੰਦਾ ਹੈ ਅਤੇ ਦਫਤਰ ਹੈ , ਸੈਕੰਡ ਫਲੋਰ ਦੇ ਕਮਰਿਆਂ ਵਿੱਚ ਉਸਦਾ ਸਮਾਨ ਪਿਆ ਹੈ।ਪਹਿਲੀ ਮੰਜ਼ਿਲ ਵਿੱਚ ਸਨੇਹ ਲਤਾ ਮਿਗਲਾਨੀ ਆਪਣੇ ਪ੍ਰੀਵਾਰ ਸਮੇਤ ਕਿਰਾਏ ਤੇ ਰਹਿ ਰਹੇ ਹਨ । ਜਿਨਾਂ ਨੇ ਆਪਣਾ ਇਸ ਬਿਲਡਿੰਗ ਦਾ 1/3 ਹਿੱਸਾ ਸ੍ਰੀ ਮਨੀਸ਼ ਮਿਗਲਾਨੀ ਪਾਸ ਅਪਣੀ 10.01.2007 ਦੀ ਘਰੇਲੂ ਵੰਡ ਮੁਤਾਬਿਕ 12 ਲੱਖ ਰੁਪਏ ਵਿੱਚ ਵੇਚ ਕੇ ਪਾਵਰ ਆਫ ਅਟਾਰਨੀ ਸਿੰਮੀ ਮਿਗਲਾਨੀ ਪਤਨੀ ਮਨੀਸ਼ ਮਿਗਲਾਨੀ ਪਾਸ ਦਿਤੀ ਸੀ ਅਤੇ ਇਸ ਫਸਟ ਫਲੋਰ ਪੋਰਸ਼ਨ ਨੂੰ 08/01/2011 ਤੱਕ ਖਾਲੀ ਕਰਨ ਦੇ Affidavit ਵੀ ਦਿੱਤੇ ਸਨ।ਇਸ ਵਿੱਚ ਇਨ੍ਹਾਂ ਵਲੋਂ ਇਕਰਾਰ ਕੀਤਾ ਗਿਆ ਸੀ ਕਿ ਉਹ ਆਪਣੇ ਪਰਿਵਾਰ ਸਮੇਤ ਇਸ ਪ੍ਰਾਪਰਟੀ ਨੂੰ 08/01/2011 ਤੱਕ ਖਾਲੀ ਕਰ ਦੇਣਗੇ | ਖਾਲੀ ਨਾ ਕਰਨ ਦੀ ਸੂਰਤ ਵਿੱਚ ਹਰ ਮਹੀਨੇ 75,000 ਰੁਪਏ ਕਿਰਾਇਆ ਦੇਣਗੇ । ਮਿਤੀ ਪੁਨੀਤ ਮਿਗਲਾਨੀ ਵਲੋਂ ਦੁਬਈ ਤੋਂ ਵਾਪਸ ਆ ਕੇ ਉਕਤ ਬਿਲਡਿੰਗ ਸਬੰਧੀ ਮਾਨਯੋਗ ਅਦਾਲਤ ਸ੍ਰੀ ਰਵੀਪਾਲ ਸਿੰਘ ਸਿਵਲ ਜੱਜ ਜੂਨੀਅਰ ਡਵੀਜਨ ਫਗਵਾੜਾ ਪਾਸ ਸਿਵਲ ਕੇਸ ਨੰਬਰ CS/345/2020 ਦਾਇਰ ਕਰ ਦਿੱਤਾ । ਜਿਸ ਵਿੱਚ ਮਿਤੀ 13-11-2020 ਨੂੰ ਜੱਜ ਸਾਹਿਬ ਵਲੋਂ ਸਟੇਅ ਆਰਡਰ ਪੁਨੀਤ ਮਿਗਲਾਨੀ ਦੇ ਹੱਕ ਵਿੱਚ ਪਾਸ ਕੀਤਾ ਗਿਆ। ਮਿਤੀ 22-12-2021 ਨੂੰ ਉਕਤ ਕੇਸ ਪਰ ਹੀ ਜੱਜ ਸਾਹਿਬ ਨੇ ਪੁਨੀਤ ਮਿਗਲਾਨੀ ਦੇ ਹੱਕ ਵਿੱਚ ਦਸਤਾਵੇਜ ਦੇਖ ਕੇ ਪਹਿਲਾਂ ਕੀਤੇ ਸਟੇਅ ਨੂੰ ਪੱਕਾ ਕਰਦੇ ਹੋਏ ਰਣਜੀਤ ਸਿੰਘ ਖੁਰਾਣਾ ਪਾਰਟੀ ਨੂੰ ਉਕਤ ਮਕਾਨ ਵਿੱਚ ਦਾਖਲ ਅੰਦਾਜੀ ਕਰਨ ਅਤੇ ਤੋੜ ਭੰਨ ਕਰਨ ਤੇ ਰੋਕ ਲਗਾ ਦਿੱਤੀ। ਜੇਕਰ ਪੁਨੀਤ ਮਿਗਲਾਨੀ ਪਾਰਟੀ ਪਾਸ ਗਰਾਂਊਡ ਫਲੋਰ ਦਾ ਪਹਿਲਾ ਤੋਂ ਕਬਜਾ ਸੀ ਤਾਂ ਇਹਨਾਂ ਨੂੰ ਸਟੈਅ ਲੈਣ ਦੀ ਕੀ ਜਰੂਰਤ ਸੀ। ਜਿਸਤੋਂ ਵੀ ਸਾਫ ਜਾਹਰ ਹੁੰਦਾ ਹੈ ਕਿ ਫੱਸਟ ਫਲੋਰ ਨੂੰ ਛੱਡ ਕੇ ਬਾਕੀ ਬਿਲਡਿੰਗ ਤੇ ਰਣਜੀਤ ਸਿੰਘ ਖੁਰਾਣਾ ਦਾ ਹੀ ਕਬਜ਼ਾ ਸੀ।ਰਣਜੀਤ ਸਿੰਘ ਖੁਰਾਣਾ ਵੱਲੋਂ ਮਾਨਯੋਗ ਅਦਾਲਤ ਸ੍ਰੀ ਰਵੀਪਾਲ ਸਿੰਘ ਸਿਵਲ ਜੱਜ ਜੂਨੀਅਰ ਡਵੀਜਨ ਫਗਵਾੜਾ ਵਲੋਂ ਪਾਸ ਕੀਤੇ ਹੁਕਮ ਸਬੰਧੀ ਅਪੀਲ ਮਾਨਯੋਗ ਐਡੀਸ਼ਨਲ ਜ਼ਿਲ੍ਹਾ ਜੱਜ ਕਪੂਰਥਲਾ ਸ੍ਰੀ ਰਮਨ ਕੁਮਾਰ ਜੀ ਦੀ ਅਦਾਲਤ ਵਿੱਚ ਕੀਤੀ ਗਈ।ਜੋ ਮਿਤੀ 24/03/2022 ਨੂੰ ਮਾਨਯੋਗ ਐਡੀਸ਼ਨਲ ਜਿਲ੍ਹਾ ਜੱਜ ਕਪੂਰਥਲਾ ਸ੍ਰੀ ਰਮਨ ਕੁਮਾਰ ਜੀ ਦੀ ਅਦਾਲਤ ਵਲੋਂ ਸਟੇਅ ਆਰਡਰ ਖਾਰਜ ਕਰਕੇ ਰਣਜੀਤ

ਥਾਣਾ ਸਿਟੀ ਫਗਵਾੜਾ ਜ਼ਿਲ੍ਹਾ ਕਪੂਰਥਲਾ

ਸਿੰਘ ਖੁਰਾਣਾ ਦੇ ਹੱਕ ਵਿੱਚ ਫੈਸਲਾ ਦਿੱਤਾ ਗਿਆ । ਰਜਤ ਮਿਗਲਾਨੀ ਵਲੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਚੰਡੀਗੜ੍ਹ ਵਿੱਚ ਸੀ.ਆਰ- 1335–2022 (O & M) ਕਰਨ ਤੇ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਚੰਡੀਗੜ੍ਹ ਵਲੋਂ ਮਿਤੀ 19-04-22 ਨੂੰ ਸਟੇਟਸ ਕੋ ਦਾ ਹੁਕਮ ਹੋਇਆ।ਰਣਜੀਤ ਸਿੰਘ ਖੁਰਾਣਾ ਵਲੋਂ ਪੇਸ਼ ਕੀਤੇ ਗਵਾਹਾਂ ਦੇ ਬਿਆਨਾ ਤੋਂ ਅਤੇ ਮੌਕਾ ਪਰ ਪੁੱਜ ਕੇ ਕੀਤੀ ਗਈ ਦਰਿਆਫਤ ਤੋਂ ਪਾਇਆ ਗਿਆ ਕਿ ਉਕਤ ਬਿਲਡਿੰਗ ਦਾ ਫਸਟ ਫਲੋਰ ਦਾ ਪੋਰਸ਼ਨ ਛੱਡ ਕੇ ਬਾਕੀ ਸਾਰੀ ਬਿਲਡਿੰਗ ਤੇ ਕਬਜਾ ਮਾਰਚ 2020 ਤੋਂ ਰਣਜੀਤ ਸਿੰਘ ਖੁਰਾਣਾ ਦਾ ਹੀ ਚੱਲਿਆ ਆ ਰਿਹਾ ਹੈ।ਸਨੇਹ ਲਤਾ ਮਿਗਲਾਨੀ ਦਾ ਪਰਿਵਾਰ ਉਕਤ ਬਿਲਡਿੰਗ ਦੀ ਫਸਟ ਫਲੋਰ ਪਰ ਰਹਿ ਰਹੇ ਹਨ।ਪੁਨੀਤ ਮਿਗਲਾਨੀ ਉਕਤ ਵਲੋਂ ਸ੍ਰੀ ਅਰੁਨ ਸ਼ੋਰੀ ਸਿਵਲ ਜੱਜ ਜੂਨੀਅਰ ਡਵੀਜਨ ਫਗਵਾੜਾ ਦੀ ਅਦਾਲਤ ਵਿੱਚ ਉਕਤ ਜਗ੍ਹਾ ਸਬੰਧੀ ਕੀਤੇ ਹੋਏ ਸਿਵਲ ਕੇਸ ਨੰਬਰ CS/345/2020 ਵਿੱਚ ਡਾ : ਅਨੀਤਾ ਦਾਦਰਾ ਮੈਡੀਕਲ ਅਫਸਰ ਸਿਵਲ ਹਸਪਤਾਲ ਫਗਵਾੜਾ ਨੇ ਮਿਤੀ 20-05-2022 ਨੂੰ ਮਾਨਯੋਗ ਅਦਾਲਤ ਵਿੱਚ ਹਾਜਰ ਹੋ ਕੇ ਕੇ ਐਮ.ਐਲ.ਆਰ. ਨੰਬਰੀ AD/5D/CH/2020 ਮਿਤੀ 17-11-2020 ਅਜਾਨੇ ਪੁਨੀਤ ਮਿਗਲਾਨੀ ਸਬੰਧੀ ਆਪਣਾ ਬਿਆਨ ਦਰਜ ਕਰਵਾਇਆ । ਜਿਸ ਵਿੱਚ ਰਣਜੀਤ ਸਿੰਘ ਖੁਰਾਣਾ ਦੇ ਵਕੀਲ ਵਲੋਂ ਸਵਾਲ ਕੀਤਾ ਗਿਆ ਕਿ ਇਹ ਸੱਟਾਂ ਆਪ ਵੀ ਲਾਈਆਂ ਜਾ ਸਕਦੀਆਂ ਹਨ ਤਾਂ ਡਾ: ਅਨੀਤਾ ਦਾਦਰਾ ਨੇ ਜੁਵਾਬ ਦਿੱਤਾ, “That the possibility cannot be ruled out that injury No. 01 to 04 could be self inflicted injuries" ,ਜਿਸਦੀ ਤਸਦੀਕ ਸ਼ੁਦਾ ਕਾਪੀ ਨਾਲ ਨੱਥੀ ਹੈ । ਰਣਜੀਤ ਸਿੰਘ ਖੁਰਾਣਾ ਵੱਲੋਂ ਪੇਸ਼ ਕੀਤੀ ਸੀ ਸੀ ਟੀ ਵੀ ਫੁਟੇਜ ਦੇਖਣ ਤੇ ਪਾਇਆ ਗਿਆ ਹੈ ਕਿ ਮਿਤੀ 17.11.2020 ਨੂੰ ਪੁਨੀਤ ਮਿਗਲਾਨੀ, ਇਸ਼ਾਨ ਮਿਗਲਾਨੀ ਅਤੇ ਸ਼ਿਵ ਕੁਮਾਰ ਸਮੇਤ ਅਣਪਛਾਤੇ ਵਿਅਕਤੀਆਂ ਰਣਜੀਤ ਸਿੰਘ ਖੁਰਾਣਾ ਵੱਲੋਂ ਪੇਸ਼ ਕੀਤੀ ਸੀ.ਸੀ.ਟੀ.ਵੀ. ਫੁਟੇਜ ਦੇਖਣ ਤੇ ਪਾਇਆ ਗਿਆ ਹੈ ਨਾਲ ਵਕਤ 12-20 ਪੀ.ਐਮ. ਪਰ ਇਸ ਬਿਲਡਿੰਗ ਦੀ ਗਰਾਂਊਡ ਫਲੋਰ ਪਰ ਗਲੀ ਵਾਲੇ ਪਾਸੇ ਬਣ ਛੋਟੇ ਗੇਟ ਰਾਂਹੀ ਅੰਦਰ ਆਏ, ਜਿਨਾਂ ਪਾਸ ਤਾਲੇ ਤੋੜਨ ਵਾਲੇ ਮਾਰੂ ਹਥਿਆਰ ਸਨ । ਜੋ ਕਬਜਾ ਕਰਨ ਦੀ ਨੀਅਤ ਨਾਲ ਰਣਜੀਤ ਸਿੰਘ ਖੁਰਾਣਾ ਦੀ ਪ੍ਰਾਪਰਟੀ ਦੇ ਤਾਲੇ ਤੋੜ ਰਹੇ ਨਜ਼ਰ ਆ ਰਹੇ ਹਨ । ਉਕਤਾਨ ਵਲੋਂ ਦੋ ਕਮਰਿਆ ਦੇ ਅਤੇ ਇੱਕ ਮੇਨ ਗੇਟ ਦਾ ਤਾਲਾ ਤੋੜਿਆ ਗਿਆ । ਉਸ ਵਕਤ ਰਣਜੀਤ ਸਿੰਘ ਖੁਰਾਣਾ ਸੈਕੰਡ ਫਲੋਰ ਪਰ ਸੀ ਜੋ ਖੜਾਕ ਸੁਣ ਇਕੱਲਾ ਹੀ ਖਾਲੀ ਹੱਥ ਵੀਡੀਓ ਵਿਚ ਮੋਕਾ ਪਰ ਆਉਣਾ ਕਾਫੀ ਦਿਖਾਈ ਦੇ ਰਿਹਾ ਹੈ।ਰਣਜੀਤ ਸਿੰਘ ਖੁਰਾਣਾ ਵਲੋਂ ਉਹਨਾਂ ਨੂੰ ਅਜਿਹਾ ਕਰਨ ਤੋਂ ਰੋਕਿਆ ਤਾਂ ਦੋਨਾਂ ਧਿਰਾਂ ਵਿਚਕਾਰ ਬੋਲ ਬੁਲਾਰਾ ਹੁੰਦਾ ਨਜ਼ਰ ਆ ਰਿਹਾ ਹੈ।ਪੁਨੀਤ ਮਿਗਲਾਨੀ ਪੁੱਤਰ ਸੂਰਜ ਪ੍ਰਕਾਸ਼ ਮਿਗਲਾਨੀ ਦੇ ਮੌਕਾ ਪਰ ਕੋਈ ਸਭ ਲੱਗਣੀ ਨਹੀਂ ਪਾਈ ਗਈ।ਰਣਜੀਤ ਸਿੰਘ ਖੁਰਾਣਾ ਨਾਲ ਹੋਰ ਕੋਈ ਵਿਅਕਤੀ ਨਹੀਂ ਸੀ, ਨਾ ਹੀ ਇਸ ਪਾਸ ਕੋਈ ਹਥਿਆਰ ਸੀ ਅਤੇ ਨਾ ਹੀ ਮੌਕਾ ਪਰ ਇਸ ਵਲੋਂ ਕੋਈ ਸੱਟ ਮਾਰੀ ਗਈ ਸੀ । ਪੁਨੀਤ ਮਿਗਲਾਨੀ ਪੁੱਤਰ ਸੂਰਜ ਪ੍ਰਕਾਸ਼ ਮਿਗਲਾਨੀ, ਇਸ਼ਾਨ ਮਿਗਲਾਨੀ ਪੁੱਤਰ ਪੁਨੀਤ ਮਿਗਲਾਨੀ ਵਾਸੀਆਨ ਗਲੀ ਨੰਬਰ 03 ਮੁਹੱਲਾ ਪ੍ਰੇਮ ਨਗਰ ਫਗਵਾੜਾ, ਸ਼ਿਵ ਕੁਮਾਰ ਪੁੱਤਰ ਮੋਹਨ ਲਾਲ ਵਾਸੀ ਮੁਹੱਲਾ ਗੋਬਿੰਦਪੁਰਾ ਫਗਵਾੜਾ ਸਮੇਤ 09 ਅਣਪਛਾਤੇ ਵਿਅਕਤੀਆਂ ਵੱਲੋਂ ਰਣਜੀਤ ਸਿੰਘ ਖੁਰਾਣਾ ਦੀ ਉਕਤ ਬਿਲਡਿੰਗ ਦੀ ਗਰਾਂਊਡ ਫਲੋਰ ਪਰ ਦੋ ਕਮਰਿਆਂ ਦੇ ਅਤੇ ਇੱਕ ਮੇਨ ਗੇਟ ਦੇ ਤਾਲੇ ਤੋੜ ਕੇ ਨੁਕਸਾਨ ਕਰਨਾ, ਝੂਠੀ ਐਮ.ਐਲ.ਆਰ ਬਣਵਾਉਣੀ, ਧਮਕੀਆ ਦੇਣਾ ਅਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕਰਨੀ ਪਾਈ ਗਈ ਹੈ । ਤਫਤੀਸ਼ ਦੌਰਾਨ ਕਿਸੇ ਵੀ ਹੋਰ ਵਿਅਕਤੀ ਦਾ ਕੋਈ ਰੋਲ ਸਾਹਮਣੇ ਆਉਂਦਾ ਹੈ ਤਾਂ ਉਸਨੂੰ ਵੀ ਤਫਤੀਸ਼ ਦੌਰਾਨ ਵਿਚਾਰਿਆ ਜਾਵੇ । ਸ਼ਿਫਾਰਸ :- ਜੇਕਰ ਪ੍ਰਵਾਨ ਹੋਵੇ ਤਾਂ ਡੀ.ਏ. ਲੀਗਲ ਪਾਸੋ ਰਾਇ ਹਾਸਲ ਕਰਕੇ ਪੁਨੀਤ ਮਿਗਲਾਨੀ ਪੁੱਤਰ ਸੂਰਜ

ਥਾਣਾ ਸਿਟੀ ਫਗਵਾੜਾ ਜਿਲ੍ਹਾ ਕਪੂਰਥਲਾ

ਪ੍ਰਕਾਸ਼ ਮਿਗਲਾਨੀ, ਇਸ਼ਾਨ ਮਿਗਲਾਨੀ ਪੁੱਤਰ ਪੁਨੀਤ ਮਿਗਲਾਨੀ ਵਾਸੀਆਨ ਗਲੀ ਨੰਬਰ 03, ਮੁਹੱਲਾ ਪ੍ਰੇਮ ਨਗਰ ਫਗਵਾੜਾ ਅਤੇ ਸ਼ਿਵ ਕੁਮਾਰ ਪੁੱਤਰ ਮੋਹਨ ਲਾਲ ਵਾਸੀ ਮੁਹੱਲਾ ਗੋਬਿੰਦਪੁਰਾ ਫਗਵਾੜਾ ਸਮੇਤ 09 ਅਣਪਛਾਤੇ ਵਿਅਕਤੀਆਂ ਦੇ ਖਿਲਾਫ ਥਾਣਾ ਸਿਟੀ ਫਗਵਾੜਾ ਵਿਖੇ ਕਾਰਵਾਈ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ । Sd/- Supdt Of Police (HQ) Kapurthala, ਸਹੀ/- ਉਪ ਪੁਲਿਸ ਕਪਤਾਨ ਸਬ ਡਵੀਜਨ ਸੁਲਤਾਨਪੁਰ ਲੋਧੀ, ਸਹੀ/- ਮੁੱਖ ਅਫਸਰ ਥਾਣਾ ਸਿਟੀ ਫਗਵਾੜਾ । ਜਿਸ ਤੇ ਬਾਅਦ ਰਿਪੋਰਟ ਤਿਆਰ ਕਰਕੇ ਮਾਨਯੋਗ SSP ਸਾਹਿਬ ਕਪੂਰਥਲਾ ਜੀ ਦੀ ਸੇਵਾ ਵਿੱਚ ਭੇਜੀ । ਜਿਹਨਾ ਨੇ ਰਿਪੋਰਟ ਵਿੱਚ ਲਿਖਿਆ ਕਿ D.A Legal KPT to opine pl. Sd/- Sr. Supdt Of Police (HQ) Kapurthala ਜਿਸ ਤੇ ਬਾਅਦ D.A Legal KPT ਜੀ ਨੇ ਆਪਣੀ ਰਿਪੋਰਟ ਵਿੱਚ ਲਿਖਿਆ ਨੰਬਰ 157 ਆਰ/ਡੀ.ਐਲ.ਏ ਮਿਤੀ 29.08.22 ਵਿਸ਼ਾ :- ਦਰਖਾਸਤ ਨੰਬਰ 2733-P ਮਿਤੀ 28.7.21 ਵੱਲੋ ਰਣਜੀਤ ਸਿੰਘ ਪੁਰਾਣਾ ਪੁੱਤਰ ਧਿਆਨ ਸਿੰਘ ਪੁਰਾਣਾ ਵਾਸੀ ਗਲੀ ਨੰਬਰ 01 ਨਹਿਰੂ ਨਗਰ ਰੇਲਵੇ ਰੋਡ ਫਗਵਾੜਾ ਦੇ ਸਬੰਧ ਵਿੱਚ ਰਿਪਰੋਟ । ਦਰਖਾਸਤ ਨੰਬਰ 401–PC-L ਮਿਤੀ 2.7.21 ਵੱਲੋ ਪੁਨੀਤ ਮਿਗਲਾਨੀ ਪੁੱਤਰ ਸੂਰਜ ਪ੍ਰਕਾਸ਼, 2623-PC ਮਿਤੀ 3.9.21, 263-SH ਮਿਤੀ 16.10.21, 275-SH ਮਿਤੀ 19.10.21 ਵੱਲੋਂ ਰਜਤ ਮਿਗਲਾਨੀ ਪੁੱਤਰ ਸੂਰਜ ਪ੍ਰਕਾਸ਼ ਮਿਗਲਾਨੀ ਵਾਸੀ ਮਕਾਨ ਨੰਬਰ ਗਲੀ ਨੰਬਰ 03 ਰੇਲਵੇ ਰੋਡ ਸਿਟੀ ਫਗਵਾੜਾ । ਸ਼੍ਰੀਮਾਨ ਜੀ, ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਬੇਨਤੀ ਹੈ ਕਿ ਮੈਂ ਉਪਰੋਕਤ ਦਰਖਾਸਤਰਾ ਨੰਬਰੀ ਅਤੇ ਦਸਤਾਵੇਜ, ਬਿਆਨਾਂ ਅਤੇ ਇੰਨਕੁਆਰੀ ਰਿਪੋਰਟ ਨੰਬਰ 1392-ਆਰ/ਐਸ.ਪੀ-ਐਚ ਮਿਤੀ 18.08.2022 ਪੁਲਿਸ ਕਪਤਾਨ (ਸਥਾਨਿਕ) ਕਪੂਰਥਲਾ ਨੂੰ ਗੁਹ ਨਾਲ ਪੜਿਆ ਅਤੇ ਵਾਚਿਆ ਹੈ । ਮੇਰੀ ਰਾਇ ਅਨੁਸਾਰ ਪੁਨੀਤ ਮਿਗਲਾਨੀ ਪੁੱਤਰ ਸੂਰਜ ਪ੍ਰਕਾਸ਼ ਮਿਗਲਾਨੀ, ਇਸ਼ਾਨ ਮਿਗਲਾਨੀ ਪੁੱਤਰ ਪੁਨੀਤ ਮਿਗਲਾਨੀ ਵਾਸੀਆਨ ਗਲੀ ਨੰਬਰ 03 ਮੁਹੱਲਾ ਪ੍ਰੇਮ ਨਗਰ ਫਗਵਾੜਾ ਅਤੇ ਸ਼ਿਵ ਕੁਮਾਰ ਪੁੱਤਰ ਮੋਹਨ ਲਾਲ ਵਾਸੀ ਮੁਹੱਲਾ ਗੋਬਿੰਦਪੁਰਾ ਫਗਵਾੜਾ ਜਿਲਾ ਕਪੂਰਥਲਾ ਸਮੇਤ 09 ਅਣਪਛਾਤੇ ਵਿਆਕਤੀਆਂ ਦੇ ਬਰਖਿਲਾਫ 452,427,182,193,447,511,148,149 ਭ: ਦ: ਦੇ ਤਹਿਤ ਥਾਣਾ ਸਿਟੀ ਫਗਵਾੜਾ ਜਿਲਾ ਕਪੂਰਥਲਾ ਵਿਖੇ ਮੁਕੱਦਮਾ ਦਰਜ ਕੀਤਾ ਜਾਣਾ ਬਣਦਾ ਹੈ । ਜੇਕਰ ਦੌਰਾਨੇ ਤਫ਼ਤੀਸ਼ ਕਿਸੇ ਹੋਰ ਦੋਸ਼ੀ ਦੀ ਸਮੂਲੀਅਤ ਮੌਜੂਦ ਕੇਸ ਵਿੱਚ ਸਾਹਮਣੇ ਆਉਂਦੀ ਹੈ ਜਾਂ ਕੋਈ ਹੋਰ ਜੁਰਮ ਸਾਹਮਣੇ ਆਉਂਦਾ ਹੈ ਤਾ ਤਫਤੀਸ਼ੀ ਅਫਸਰ ਵੱਲੋਂ ਇਸ ਸਬੰਧੀ ਦੌਰਾਨੇ ਤਫਤੀਸ਼ ਵਿਚਾਰਿਆ ਜਾਵੇ । ਇਹ ਆਪ ਜੀ ਦੀ ਸੇਵਾ ਵਿੱਚ ਯੋਗ ਹੁਕਮ ਹਿੱਤ ਪੇਸ਼ ਹੈ ਜੀ । Sd/- Anil Kumar (ਅਨਿਲ ਕੁਮਾਰ) ਉਪ ਜ਼ਿਲ੍ਹਾ ਅਟਾਰਨੀ (ਲੀਗਲ) ਕਪੂਰਥਲਾ । 29.08.2022 ਜਿਸ ਤੋ ਬਾਅਦ ਰਿਪੋਰਟ ਤਿਆਰ ਕਰਕੇ ਮਾਨਯੋਗ SSP ਸਾਹਿਬ ਕਪੂਰਥਲਾ ਜੀ ਦੀ ਸੇਵਾ ਵਿੱਚ ਭੇਜੀ । ਜਿਸ ਤੋ ਬਾਅਦ ਮਾਨਯੋਗ SSP ਸਾਹਿਬ ਕਪੂਰਥਲਾ ਜੀ ਨੇ ਰਿਪੋਰਟ ਪਰ ਲਿਖਿਆ ਕਿ SHO City Phagwara To Register the case & Invesgigate Sd/- Sr Supdt Of Police Kapurthala. ਅੱਜ ਥਾਣਾ :- ਉਕਤ ਇਨਕੁਆਰੀ ਰਿਪੋਰਟ ਪੇਜ ਨੰਬਰ 1 ਤੋ 254 ਤੱਕ ਸਮੇਤ 02 ਪੈਨ ਡਰਾਇਵ ਦੇ ਬਜਰੀਆ ਡਾਕ ਮੋਸੂਲ ਥਾਣਾ ਹੋਣ ਤੇ ਮੁਕੱਦਮਾ ਦਰਜ ਰਜਿਸਟਰ ਕਰਕੇ ਅਸਲ ਇਨਕੁਆਰੀ ਰਿਪੋਰਟ ਪੇਜ ਨੰਬਰ 1 ਤੋ 254 ਤੱਕ ਸਮੇਤ 02 ਪੈਨ ਡਰਾਇਵ ਦੇ FIR ਤਫਤੀਸ਼ ਲਈ ASI ਸੁਖਵਿੰਦਰ ਸਿੰਘ ਨੰਬਰ 476/ਕਪੂ ਕੀਤੀ ਜਾ ਰਹੀ ਹੈ । ਕੰਟਰੋਲ ਰੂਮ ਪਰ ਬਜਰੀਆ ਵਾਇਰਲੈਸ ਇਤਲਾਹ ਦਿੱਤੀ ਜਾ ਰਹੀ ਹੈ । ਤਕਮੀਲ ਰਿਕਾਰਡ ਥਾਣਾ ਕੀਤੀ ਜਾ ਰਹੀ ਹੈ ।ਤਕਮੀਲ ਰਪਟ ਨੰਬਰ 12 ਮਿਤੀ 04.09.2022

ਥਾਣਾ ਸਿਟੀ ਫਗਵਾੜਾ ਜਿਲ੍ਹਾ ਕਪੂਰਥਲਾ

13 Action taken: Since the above information reveals commission of offence(s) u/s as mentioned at Item No. 2.
(ਕਾਰਵਾਈ : ਉਪਰੋਕਤ ਜਾਣਕਾਰੀ ਨਾਲ ਪਤਾ ਚੱਲਦਾ ਹੈਂ ਕਿ ਅਪਰਾਧ ਕਰਨ ਦਾ ਤਰੀਕਾ ਸੰ. ਨੰ 2 . ਵਿੱਚ ਦਰਸਾਈ ਧਾਰਾ ਦੇ ਤਹਿਤ ਹੈ):

(1) Registered the case and took up the investigation (ਕੇਸ ਦਰਜ ਕੀਤਾ ਗਿਆ ਅਤੇ ਪੜਤਾਲ ਨੂੰ ਲੈ ਲਿਆ): or (ਜਾਂ )

(2) Directed (Name of I.O.): (ਤਫਤੀਸ਼ੀ ਅਧਿਕਾਰੀ ਦਾ ਨਾਮ ): SUKHWINDER SINGH Rank (ਅਹੁਦਾ): ASI (Assistant Sub-Inspector)
No(ਨੰ): 476/KPT to take up the Investigation (ਨੂੰ ਜਾਂਚ ਆਪ ਪਾਸ ਲੈਣ ਲਈ ਨਿਰਦੇਸ਼ ਦਿੱਤਾ ਗਿਆ) or(ਜਾਂ

(3) Refused investigation due to (ਕਿਸ ਕਾਰਨ ਕਰਕੇ ਇਨਕਾਰ ਕੀਤਾ) :

or (ਜਾਂ)

(4) Transferred to P.S. (ਥਾਣਾ): District (ਜ਼ਿਲ੍ਹਾ):

on point of jurisdiction (ਹੱਦਬੰਦੀ ਕਾਰਣ) .

F.I.R.read over to the complainant/informant,admitted to be correctly recorded and a copy given to the complainant/informant free of cost. (ਸ਼ਿਕਾਇਤਕਰਤਾ/ਸੂਚਨਾਕਰਤਾ ਨੂੰ ਪ੍ਰਾਥਮਿਕੀ ਪੜ੍ਹ ਕੇ ਸੁਣਾਈ ਗਈ ,ਸਹੀ ਦਰਜ ਹੋਇਆ ਮੰਨਿਆ ਅਤੇ ਇੱਕ ਕਾਪੀ ਮੁਫ਼ਤ ਸ਼ਿਕਾਇਤਕਰਤਾ ਨੂੰ ਦਿੱਤੀ ਗਈ |)

R.O.A.C.(ਆਰ.ਓ .ਏ .ਸੀ.)

14. Signature/Thumb impression of the complainant / informant (ਸ਼ਿਕਾਇਤਕਰਤਾ/ਸੂਚਨਾਕਰਤਾ ਦੇ ਹਸਤਾਖ਼ਰ / ਅੰਗੂਠੇ ਦਾ ਨਿਸ਼ਾਨ):

15. Date and time of dispatch to the court (ਅਦਾਲਤ ਵਿੱਚ ਪੇਸ਼ ਕਰਨ ਦੀ ਤਰੀਕ ਅਤੇ ਸਮਾਂ):

Signature of Officer in charge, Police Station
(ਥਾਣਾ ਪ੍ਰਭਾਰੀ ਦੇ ਹਸਤਾਖ਼ਰ)

Name(ਨਾਮ): Amandeep Kumar
Rank (ਅਹੁਦਾ): SI (Sub-Inspector)
No(ਸੰ.): 54/JRT